# ਵਰਲਡ ਪੰਜਾਬੀ ਟਾਈਮਜ਼
WORLD PUNJABI TIMES

WORLD PUNJABI TIMES REACHING THE WORLD

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਵਿਰਾਸਤੀ ਪਕਵਾਨ ਸਾਡੀ ਸੱਭਿਆਚਾਰਕ ਪਹਿਚਾਣ, ਇਨ੍ਹਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਜ਼ਿੰਮੇਵਾਰੀ: ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ

### ਜ਼ੈਨਬ ਨੇ ਜਿੱਤਿਆ "ਕਹੀ ਗੁੰਮ ਨਾ ਹੋ ਜਾਏਂ–ਸੀਜ਼ਨ 9" ਦਾ ਪੰਜਾਬ ਖਿਤਾਬ

### ਪੂਜਾ ਨਾਗਪਾਲ ਪਹਿਲੀ ਅਤੇ ਪੋਨਮ ਮੱਕੜ ਦੂਜੀ ਰਨਰ-ਅੱਪ; 35 ਪ੍ਰਤੀਯੋਗੀਆਂ ਨੇ ਦਿਖਾਇਆ ਰਵਾਇਤੀ ਪਕਵਾਨਾਂ ਦਾ ਹੁਨਰ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 2 ਸਤੰਬਰ:ਭਾਰਤ ਦੀ ਅਮੀਰ ਅਤੇ ਵਿਭਿੰਨ ਰਸੋਈ ਵਿਰਾਸਤ ਨੂੰ ਸੰਭਾਲਣ ਅਤੇ ਰਵਾਇਤੀ ਪਕਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਕਰਵਾਇਆ ਜਾ ਰਿਹਾ ਰਾਸ਼ਟਰੀ ਕੁੱਕਰੀ ਮੁਕਾਬਲਾ "ਕਹੀ ਗੁੰਮ ਨਾ ਹੋ ਜਾਏਂ–ਸੀਜ਼ਨ 9" ਦਾ ਪੰਜਾਬ ਰਾਜ ਪੱਧਰੀ ਫਾਈਨਲ ਮੰਗਲਵਾਰ ਨੂੰ ਸੀ.ਟੀ. ਯੂਨੀਵਰਸਿਟੀ, ਲੁਧਿਆਣਾ ਵਿਖੇ ਸ਼ਾਨਦਾਰ ਢੰਗ ਨਾਲ ਸੰਪੰਨ ਹੋਇਆ। ਮੁਕਾਬਲੇ ਵਿੱਚ ਪੰਜਾਬ ਭਰ ਤੋਂ 35 ਪ੍ਰਤੀਯੋਗੀਆਂ ਨੇ ਭਾਗ ਲੈ ਕੇ ਆਪਣੀ ਰਸੋਈ ਕਲਾ ਅਤੇ ਵਿਰਾਸਤੀ ਪਕਵਾਨਾਂ ਦਾ ਪ੍ਰਦਰਸ਼ਨ ਕੀਤਾ।



ਫਾਈਨਲ ਵਿੱਚ ਜ਼ੈਨਬ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪੰਜਾਬ ਰਾਜ ਜੇਤੂ ਦਾ ਖਿਤਾਬ ਹਾਸਲ ਕੀਤਾ। ਪੂਜਾ ਨਾਗਪਾਲ ਪਹਿਲੀ ਰਨਰ-ਅੱਪ ਅਤੇ ਪੋਨਮ ਮੱਕੜ ਦੂਜੀ ਰਨਰ-ਅੱਪ ਰਹੀ। ਪੰਜਾਬ ਦੇ ਚੋਟੀ ਦੇ ਦੋ ਜੇਤੂ ਹੁਣ ਐਨ.ਸੀ.ਆਰ. ਵਿੱਚ ਹੋਣ ਵਾਲੇ ਗ੍ਰੈਂਡ ਫਿਨਾਲੇ ਵਿੱਚ ਰਾਜ ਦੀ ਨੁਮਾਇੰਦਗੀ ਕਰਨਗੇ।

ਸਮਾਗਮ ਵਿੱਚ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ, ਆਈ.ਏ.ਐਸ. ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਪ੍ਰਤੀਯੋਗੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ "ਕਹੀ ਗੁੰਮ ਨਾ ਹੋ ਜਾਏਂ" ਸਿਰਫ਼ ਇੱਕ ਕੁੱਕਰੀ ਮੁਕਾਬਲਾ ਨਹੀਂ, ਬਲਕਿ ਭਾਰਤ ਦੀਆਂ ਰਵਾਇਤੀ ਅਤੇ ਵਿਰਾਸਤੀ ਪਕਵਾਨ ਪਰੰਪਰਾਵਾਂ ਨੂੰ ਸੰਭਾਲਣ ਦਾ ਇੱਕ ਮਹੱਤਵਪੂਰਨ ਮੰਚ ਹੈ।

ਉਨ੍ਹਾਂ ਕਿਹਾ ਕਿ ਮੁਕਾਬਲੇ ਦੌਰਾਨ ਵੱਖ-ਵੱਖ ਸਟਾਲਾਂ 'ਤੇ ਪੰਜ ਤੋਂ ਸੱਤ ਤੱਕ ਪਕਵਾਨ ਤਿਆਰ ਕੀਤੇ ਗਏ ਸਨ। ਕਣਕ ਅਤੇ ਮੱਕੀ ਦੀ ਰੋਟੀ, ਸਰੋਂ ਦਾ ਸਾਗ, ਐਲੋਵੇਰਾ ਦੀ ਸਬਜ਼ੀ, ਰਾਗੀ ਦੀ ਲੱਸੀ, ਹਲਵਾ, ਪੰਜੀਰੀ ਸਮੇਤ ਕਈ ਰਵਾਇਤੀ ਪਕਵਾਨਾਂ ਨੇ ਪੰਜਾਬ ਦੀ ਅਮੀਰ ਰਸੋਈ ਵਿਰਾਸਤ ਦੀ ਝਲਕ ਪੇਸ਼ ਕੀਤੀ। ਉਨ੍ਹਾਂ ਲੁਧਿਆਣਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਉਪਰਾਲਿਆਂ ਨਾਲ ਜੁੜ ਕੇ ਭਾਗੀਦਾਰਾਂ ਦਾ ਹੌਸਲਾ ਵਧਾਉਣ ਅਤੇ ਆਪਣੀ ਵਿਰਾਸਤੀ ਰਸੋਈ ਨੂੰ ਅੱਗੇ ਲਿਜਾਣ ਵਿੱਚ ਸਹਿਯੋਗ ਦੇਣ।

ਲੈਟਸ ਗਿਵ ਬੈਕ, ਇੱਕ ਰਜਿਸਟਰਡ ਐਨ.ਜੀ.ਓ., ਵੱਲੋਂ ਆਯੋਜਿਤ ਇਸ ਰਾਸ਼ਟਰੀ ਮੁਕਾਬਲੇ ਦਾ ਉਦੇਸ਼ ਦੇਸ਼ ਦੇ ਵੱਖ-ਵੱਖ ਖੇਤਰਾਂ ਦੇ ਰਵਾਇਤੀ ਪਕਵਾਨਾਂ ਨੂੰ ਮੁੜ ਸੁਰਜੀਤ ਕਰਨਾ ਅਤੇ ਉਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਹੈ। ਇਸ ਪਹਿਲਕਦਮੀ ਦੀ ਸਥਾਪਨਾ ਸਵਰਗੀ ਸ੍ਰੀਮਤੀ ਬਾਬੇਟਾ ਸਕਸੈਨਾ ਨੇ 2016 ਵਿੱਚ ਕੀਤੀ ਸੀ। 16 ਮਈ 2021 ਨੂੰ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਸਹਿ-ਸੰਸਥਾਪਕ ਰਿਟਾਇਰਡ ਕਰਨਲ ਅਤੁਲ ਸਕਸੈਨਾ ਦੀ ਅਗਵਾਈ ਹੇਠ ਇਹ ਮੁਹਿੰਮ ਲਗਾਤਾਰ ਅੱਗੇ ਵੱਧ ਰਹੀ ਹੈ।

ਇਸ ਸੀਜ਼ਨ ਦਾ ਥੀਮ "ਮੇਰਾ ਰਾਜ, ਮੇਰੀ ਪਲੇਟ" ਹੈ, ਜਿਸ ਰਾਹੀਂ ਭਾਰਤ ਦੇ ਵੱਖ-ਵੱਖ ਰਾਜਾਂ ਦੀਆਂ ਖੇਤਰੀ ਰਸੋਈ ਪਰੰਪਰਾਵਾਂ ਨੂੰ ਸੰਭਾਲਣ ਅਤੇ ਮਨਾਉਣ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ। ਇਸ ਮੁਹਿੰਮ ਨੂੰ ਪਦਮ ਸ੍ਰੀ ਪੁਰਸਕਾਰ ਜੇਤੂ ਸੇਲਿਬ੍ਰਿਟੀ ਸ਼ੈੱਫ ਸੰਜੀਵ ਕਪੂਰ, ਸ਼ੈੱਫ ਰਣਵੀਰ ਬਰਾੜ, ਸ਼ੈੱਫ ਵਿਕਾਸ ਖੰਨਾ ਅਤੇ ਪ੍ਰਸਿੱਧ ਬਾਲੀਵੁੱਡ ਅਦਾਕਾਰਾ ਸ੍ਰੀਮਤੀ ਸੁਚਿੱਤਰਾ ਪਿੱਲਈ ਦਾ ਸਮਰਥਨ ਪ੍ਰਾਪਤ ਹੈ।

ਰਾਸ਼ਟਰੀ ਪੱਧਰ 'ਤੇ ਇਹ ਮੁਕਾਬਲਾ ਭਾਰਤ ਦੇ 25 ਤੋਂ ਵੱਧ ਸਥਾਨਾਂ ਤੋਂ ਇਲਾਵਾ ਕੈਨੇਡਾ, ਨਿਊਜ਼ੀਲੈਂਡ ਅਤੇ ਅਮਰੀਕਾ ਵਿੱਚ ਵੀ ਕਰਵਾਇਆ ਜਾ ਰਿਹਾ ਹੈ। ਗ੍ਰੈਂਡ ਫਿਨਾਲੇ ਵਿੱਚ ਚੋਟੀ ਦੇ ਤਿੰਨ ਰਾਸ਼ਟਰੀ ਜੇਤੂਆਂ ਲਈ ਕੁੱਲ 1.50 ਲੱਖ ਰੁਪਏ ਦਾ ਇਨਾਮੀ ਪੂਲ ਰੱਖਿਆ ਗਿਆ ਹੈ।

ਪ੍ਰਬੰਧਕਾਂ ਨੇ ਪੰਜਾਬ ਸਟੇਟ ਫਿਨਾਲੇ ਦੀ ਮੇਜ਼ਬਾਨੀ ਲਈ ਸੀ.ਟੀ. ਯੂਨੀਵਰਸਿਟੀ ਦਾ ਧੰਨਵਾਦ ਕੀਤਾ। ਇਸ ਮੌਕੇ ਜਿਊਰੀ ਮੈਂਬਰ ਸ਼ੈੱਫ ਵਿਸ਼ਵਦੀਪ ਬਾਲੀ ਅਤੇ ਕਰਨਲ ਅਤੁਲ ਸਕਸੈਨਾ ਦੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ ਗਈ। ਸਟੇਟ ਕੋਆਰਡੀਨੇਟਰ ਸ੍ਰੀਮਤੀ ਮੁਸਕਾਨ ਜੈਨ ਅਤੇ ਪ੍ਰਿਯੰਕਾ ਜੈਨ ਨੇ ਸਮਾਗਮ ਦੇ ਸਫਲ ਆਯੋਜਨ ਦੀ ਅਗਵਾਈ ਕੀਤੀ, ਜਦਕਿ ਨੈਸ਼ਨਲ ਈਵੈਂਟ ਦੀ ਮੁੱਖ ਕੋਆਰਡੀਨੇਟਰ ਸ੍ਰੀਮਤੀ ਰੀਨਾ ਮੁਖਰਜੀ ਵੱਲੋਂ ਦਿੱਤੀ ਅਗਵਾਈ ਅਤੇ ਮਾਰਗਦਰਸ਼ਨ ਲਈ ਵੀ ਧੰਨਵਾਦ ਪ੍ਰਗਟ ਕੀਤਾ ਗਿਆ।

## ਜੋਤੀ ਮਾਡਲ ਸਕੂਲ ਦੇ ਵਿਦਿਆਰਥੀ ਅੰਤਰ ਜਿਲ੍ਹਾ ਪੱਧਰ ਖੇਡ ਮੁਕਾਬਲਿਆਂ ਲਈ ਚੁਣੇ ਗਏ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ

ਕੋਟਕਪੂਰਾ, 2 ਸਤੰਬਰ : ਸਕੂਲ ਸਿੱਖਿਆ ਵਿਭਾਗ ਦੁਆਰਾ ਕਰਵਾਈਆਂ ਜਾ ਰਹੀਆਂ 70ਵੀਆਂ ਪੰਜਾਬ ਰਾਜ ਜਿਲ੍ਹਾ ਪੱਧਰੀ ਸਕੂਲ ਖੇਡਾਂ 2026-27 ਵਿੱਚ ਜੋਤੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਸਕੂਲ ਪ੍ਰਿੰਸੀਪਲ ਸ਼੍ਰੀਮਤੀ ਰੇਨੂੰ ਮੈਡਮ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਸ਼ਾਨਦਾਰ ਮੱਲਾਂ ਮਾਰਦਾ ਰਿਹਾ ਹੈ। ਪਿਛਲੇ ਕੁਝ ਸਮੇਂ ਤੋਂ ਸਕੂਲੀ ਪੱਧਰ ਤੇ ਜੋਨਲ ਅਤੇ ਜਿਲ੍ਹਾ ਪੱਧਰ ਖੇਡ ਮੁਕਾਬਲੇ ਚਲ ਰਹੇ ਸਨ। ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਬਹੁਤ ਸਾਰੀਆਂ ਖੇਡਾਂ ਜਿਵੇਂ ਕਿ ਬੈਡਮਿੰਟਨ, ਸ਼ਤਰੰਜ, ਜੂਡੋ, ਕਿੱਕ ਬਾਕਸਿੰਗ, ਬਾਸਕਿਟਬਾਲ, ਯੋਗਾ, ਸਕੂਐਸ਼, ਕੁਰਾਸ਼ ਅਤੇ ਰੱਸਾ-ਕਸ਼ੀ ਖੇਡਾਂ ਵਿੱਚ ਭਾਗ ਲਿਆ। ਵਿਦਿਆਰਥੀਆਂ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਹੋਇਆਂ ਇਨ੍ਹਾਂ ਮੁਕਾਬਲਿਆਂ ਵਿੱਚ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਨ੍ਹਾਂ ਸ਼ਾਨਦਾਰ ਜਿੱਤਾਂ ਕਰਕੇ ਕੁਝ ਵਿਦਿਆਰਥੀ ਸਟੇਟ ਪੱਧਰ ਤੇ ਹੋਣ ਵਾਲੇ ਖੇਡ ਮੁਕਾਬਲੇ ਵਿੱਚ ਹਿੱਸਾ ਲੈਣ ਜਾ ਰਹੇ ਹਨ। ਜਿਲ੍ਹਾ ਪੱਧਰ ਤੇ ਯੋਗਾ ਅੰਡਰ-19 ਲੜਕਿਆਂ ਨੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਸੋਨ ਤਗਮਾ ਅਤੇ ਯੋਗਾ ਅੰਡਰ-17 ਲੜਕਿਆਂ ਨੇ




ਤੀਸਰਾ ਸਥਾਨ ਪ੍ਰਾਪਤ ਕਰ ਕੇ ਕਾਂਸੀ ਤਗਮਾ ਹਾਸਿਲ ਕੀਤਾ।ਬਾਸਕਿਟਬਾਲ ਅੰਡਰ-19 ਲੜਕਿਆਂ 'ਚ ਸੁਖਮਨ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਸੋਨ ਤਗਮਾ ਅਤੇ ਬਾਸਕਿਟਬਾਲ ਅੰਡਰ-17 ਲੜਕਿਆਂ 'ਚ ਭੁਪਿੰਦਰ ਸਿੰਘ ਤੇ ਗੁਰਵਿੰਦਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰ ਕੇ ਕਾਂਸੀ ਤਗਮਾ ਹਾਸਿਲ ਕੀਤਾ।ਬੈਡਮਿੰਟਨ ਅੰਡਰ–17 ਲੜਕਿਆਂ 'ਚ ਅਰਸ਼ਦੀਪ ਸਿੰਘ ਅਤੇ ਸੁਖਮਨ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਸੋਨ ਤਗਮਾ ਹਾਸਿਲ ਕੀਤਾ। ਜੂਡੋ ਅੰਡਰ-14 ਲੜਕਿਆਂ 'ਚ ਅਭਿਜੋਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕਰ ਕੇ ਚਾਂਦੀ ਤਗਮਾ ਅਤੇ ਜੂਡੋ ਅੰਡਰ-19 ਲੜਕਿਆਂ 'ਚ ਧੰਨਵੀਰ ਸਿੰਘ, ਗੁਰਸ਼ਾਨ ਸਿੰਘ, ਜਸਪ੍ਰੀਤ ਸਿੰਘ ਅਤੇ ਰਘੂਵੰਸ਼ ਨਿਬੋਰੀਆ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਗਮਾ ਹਾਸਿਲ ਕੀਤਾ।ਕੁਰਾਸ਼ ਅੰਡਰ-14 ਲੜਕਿਆਂ 'ਚ ਖੁਸ਼ਦੀਪ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕਰ ਕੇ ਚਾਂਦੀ ਤਗਮਾ, ਕੁਰਾਸ਼ ਅੰਡਰ–17 'ਚ ਪ੍ਰਿੰਸ ਅਤੇ ਵੰਸ਼ਪ੍ਰੀਤ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨ ਤਗਮਾ ਅਤੇ ਕੁਰਾਸ਼ ਅੰਡਰ-19 'ਚ ਲਖਵਿੰਦਰ ਸਿੰਘ, ਧੰਨਵੀਰ ਸਿੰਘ ਅਤੇ ਗੁਰਸ਼ਾਨ ਸਿੰਘ ਨੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਸੋਨ ਤਗਮਾ ਹਾਸਿਲ ਕੀਤਾ। ਕੁਸ਼ਤੀ ਅੰਡਰ-17 ਲੜਕਿਆਂ 'ਚ ਤੁਸ਼ਾਰ ਸ਼ਰਮਾ ਨੇ ਦੂਸਰਾ ਸਥਾਨ ਪ੍ਰਾਪਤ ਕਰਕੇ ਚਾਂਦੀ ਤਗਮਾ ਹਾਸਿਲ ਕੀਤਾ। ਵਿਦਿਆਰਥੀਆਂ ਦੇ ਇਸ ਚੰਗੇ ਪ੍ਰਦਰਸ਼ਨ ਦੇ ਵਿੱਚ ਉਹਨਾਂ ਦੇ ਡੀ.ਪੀ.ਈ. ਮਨੋਜ ਭਨਿਆਰ ਅਤੇ ਕੋਚ ਉਮੇਸ਼ ਕੰਵਲ ਦਾ ਵੀ ਅਹਿਮ ਯੋਗਦਾਨ ਹੈ। ਪ੍ਰਿੰਸੀਪਲ ਮੈਡਮ ਨੇ ਕਾਮਨਾ ਕੀਤੀ ਕਿ ਜਿਵੇਂ ਵਿਦਿਆਰਥੀਆਂ ਨੇ ਜਿਲ੍ਹਾ ਪੱਧਰ ਤੇ ਮੱਲਾਂ ਮਾਰੀਆਂ ਹਨ, ਉਸੇ ਤਰ੍ਹਾਂ ਸਟੇਟ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਸ਼ਾਨਦਾਰ ਜਿੱਤਾਂ ਪ੍ਰਾਪਤ ਕਰਕੇ ਸਕੂਲ ਅਤੇ ਜਿਲ੍ਹੇ ਦਾ ਨਾਮ ਰੌਸ਼ਨ ਕਰਨਗੇ। ਉਨ੍ਹਾਂ ਇਸ ਖੁਸ਼ੀ ਦੇ ਮੌਕੇ ਸਮੂਹ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

## ਅੰਕੁਰ ਅਤੇ ਮਨਰਾਜ ਨੇ 'ਪਾਤਰ ਦੇ ਪੁੱਤਰ ਹੋਣ ਦਾ ਅਹਿਸਾਸ' ਦੌਰਾਨ ਆਪਣੇ ਪਿਤਾ ਦੀਆਂ ਯਾਦਾਂ ਸਾਂਝੀਆਂ ਕੀਤੀਆਂ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 2 ਸਤੰਬਰ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਸਥਿਤ ਡਾ ਸੁਰਜੀਤ ਪਾਤਰ ਚੇਅਰ ਅਤੇ ਨਿਰਦੇਸ਼ਕ ਵਿਦਿਆਰਥੀ ਭਲਾਈ ਵੱਲੋਂ ਆਯੋਜਿਤ ਪ੍ਰੋਗਰਾਮ 'ਪਾਤਰ ਦੇ ਪੁੱਤਰ ਹੋਣ ਦਾ ਅਹਿਸਾਸ' ਦੌਰਾਨ ਅੰਕੁਰ ਪਾਤਰ ਅਤੇ ਮਨਰਾਜ ਪਾਤਰ ਵੱਲੋਂ ਆਪਣੇ ਪਿਤਾ ਪਦਮ ਸ਼੍ਰੀ ਡਾ ਸੁਰਜੀਤ ਪਾਤਰ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਗਈਆਂ| ਪਾਤਰ ਸੁਨੇਹੀਆਂ ਨਾਲ ਗੱਲ ਕਰਦਿਆਂ ਉਹ ਦੋਵੇਂ ਕਈ ਬਾਰ ਭਾਵੁਕ ਹੋਏ| ਇਸ ਰੂ-ਬਰੂ ਦੌਰਾਨ ਕਿਸੇ ਮੋੜ 'ਤੇ ਸਮਾਂ ਗਮਗੀਨ ਵੀ ਬਣਦਾ ਰਿਹਾ ਪਰ ਸੁਰਜੀਤ ਪਾਤਰ ਦੀਆਂ ਉਤਸ਼ਾਹੀ ਗੱਲਾਂ ਨੂੰ ਯਾਦ ਕਰਦਿਆਂ ਮਹੌਲ ਖੁਸ਼ਗਵਾਰ ਵੀ ਰਿਹਾ| ਇਸ ਵੇਲੇ ਪਰਿਵਾਰ ਸਮੇਤ ਆਸਟ੍ਰੇਲੀਆ ਰਹਿ ਰਹੇ ਅੰਕੁਰ ਪਾਤਰ ਨੇ ਕਿਹਾ ਉਹ ਦੁਨੀਆਂ ਦੇ ਕਿਸੇ ਕੋਨੇ ਵੀ ਹੋਵੇ ਪਿਤਾ ਦਾ ਆਸ਼ੀਰਵਾਦ ਹਮੇਸ਼ਾ ਨਾਲ ਰਹਿੰਦਾ ਹੈ| ਉਸਨੇ ਕਿਹਾ ਵਿਦੇਸ਼ ਦੀਆਂ ਵੱਡੀਆਂ ਸਭਾਵਾਂ ਵਿੱਚ ਵੀ ਜਦੋਂ ਪਾਤਰ ਸਾਹਿਬ ਦੀ ਗੱਲ ਚਲਦੀ ਹੈ ਤਾਂ ਉਹਨਾਂ ਦਾ ਪੁੱਤਰ ਹੋਣ 'ਤੇ ਮਾਣ ਮਹਿਸੂਸ ਕਰਦਾਂ ਹਾਂ| ਮਨਰਾਜ ਪਾਤਰ ਨੇ ਕਿਹਾ ਮੈਨੂੰ ਪਿਤਾ ਵੱਲੋਂ ਮਿਲਿਆ ਸੁਰ-ਸਬਕ ਮੇਰੇ ਲਈ ਅਮੁੱਲ ਹੈ ਕਿਉਂਕਿ ਉਹਨਾਂ ਮੈਨੂੰ ਸ਼ਬਦ ਅਤੇ ਸੁਰ ਨਾਲ ਜੋੜਿਆ| ਮੈਂ ਅੱਖਾਂ ਬੰਦ ਕਰਕੇ ਸੁਰ ਲਾਉਂਦਾ ਹਾਂ ਉਹ ਮੇਰੇ ਸਾਹਮਣੇ ਆ ਖੜ੍ਹਦੇ ਨੇ|

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਵਾਈਸ ਚਾਂਸਲਰ ਡਾ ਰਿਸ਼ੀ ਪਾਲ ਸਿੰਘ, ਆਈ ਏ ਐੱਸ ਨੇ ਕਿਹਾ ਸੁਰਜੀਤ ਪਾਤਰ ਮਹਿਕਦਾ ਟਹਿਕਦਾ ਹਰਿਆ ਭਰਿਆ ਬਾਗ ਹੈ ਜੋ ਹਮੇਸ਼ਾ ਸੁਗੰਧੀਆਂ ਦਿੰਦਾ ਰਹੇਗਾ| ਡਾ ਰਿਸ਼ੀ ਪਾਲ ਨੇ ਕਿਹਾ ਅੱਜ ਪਾਤਰ ਦੇ ਪੁੱਤਰਾਂ ਨਾਲ ਗੱਲ ਬਾਤ ਕਰਨ ਨਾਲ ਪਾਤਰ ਦੀ ਇੱਕ ਪਿਤਾ ਵਜੋਂ ਤਸਵੀਰ ਸਾਡੇ ਸਾਹਮਣੇ ਬਣੀ ਹੈ ਜੋ ਸਾਡੇ ਚੇਤਿਆਂ ਵਿੱਚ ਰਹੇਗੀ|

ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਕਮਲਜੀਤ ਸਿੰਘ ਸੂਰੀ ਨੇ ਕਿਹਾ ਕਿ ਡਾ ਪਾਤਰ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਜੋ ਪੈੜ੍ਹਾਂ ਪਾਈਆਂ ਹਨ ਉਹ ਸਾਡਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ| ਇਸ ਮੌਕੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਅੰਕੁਰ ਅਤੇ ਮਨਰਾਜ ਤੋਂ ਪਾਤਰ ਸਾਹਿਬ ਅਤੇ ਪਰਿਵਾਰ ਬਾਰੇ ਗੱਲਾਂ ਬਾਤਾਂ ਕੀਤੀਆਂ| ਖੁੱਲੀ ਵਿਚਾਰ ਚਰਚਾ ਦੌਰਾਨ ਪੱਤਰਕਾਰ ਵਿਭਾਗ ਦੀ ਮੁਖੀ ਡਾ ਸ਼ੀਤਲ ਥਾਪਰ, ਡਾ ਹਰਮੀਤ ਸਿੰਘ ਕਿੰਗਰਾ, ਪ੍ਰਿੰਸੀਪਲ ਕੁਲਦੀਪ ਸਿੰਘ, ਡਾ ਧਰਮ ਸਿੰਘ ਸੰਧੂ, ਗੁਰਪ੍ਰੀਤ ਸਿੰਘ ਤੂਰ, ਤੇਜ ਪ੍ਰਤਾਪ ਸਿੰਘ ਸੰਧੂ, ਜਸਮੇਰ ਸਿੰਘ ਢੱਟ,ਚਰਨਜੀਤ ਸਿੰਘ, ਪ੍ਰੋ ਕਰਨਵੀਰ ਸਿੰਘ ਗਿੱਲ, ਡਾ ਸੁਖਦੇਵ ਸਿੰਘ, ਭੂਸ਼ਨ ਗੋਇਲ, ਸੁਰਿੰਦਰ ਕੈਲੇ, ਜਸਵਿੰਦਰ ਵਿਰਕ ਅਤੇ ਗਜ਼ਲਗੋ ਗੁਰਚਰਨ ਕੌਰ ਕੋਚਰ ਨੇ ਆਪਣੇ-ਆਪਣੇ ਵਿਚਾਰਾਂ ਦੀ ਸਾਂਝ ਪਾਈ| ਅੰਤ ਵਿੱਚ ਮਨਰਾਜ ਪਾਤਰ ਵੱਲੋਂ ਡਾ ਸੁਰਜੀਤ ਪਾਤਰ ਦੀਆਂ ਰਚਨਾਵਾਂ ਪੇਸ਼ ਕਰਕੇ ਸਮੇਂ ਨੂੰ ਸੰਗੀਤਕ ਰੰਗਤ ਦਿੱਤੀ|

ਸਵਾਗਤ ਡਾ ਸੁਰਜੀਤ ਪਾਤਰ ਚੇਅਰ ਦੇ ਚੇਅਰਪਰਸਨ ਡਾ ਨਿਰਮਲ ਜੌੜਾ ਨੇ ਕੀਤਾ| ਮੰਚ ਦਾ ਸੰਚਾਲਨ ਡਾ. ਦਿਵਿਆ ਉਤਰੇਜਾ ਨੇ ਕੀਤਾ| ਅੰਤ ਵਿਚ ਧੰਨਵਾਦ ਡਾ. ਰੁਪਿੰਦਰ ਤੂਰ ਨੇ ਕੀਤਾ|

## ਮਿਸ਼ਨ ਕਲੀਨ ਪੰਜਾਬ ਤਹਿਤ ਪਟਿਆਲਾ ਦੇ ਵੱਖ-ਵੱਖ ਪਿੰਡਾਂ ਵਿੱਚ ਸਫ਼ਾਈ ਮੁਹਿੰਮ

ਵਰਲਡ ਪੰਜਾਬੀ ਟਾਈਮਜ਼




ਪਟਿਆਲਾ, 2 ਸਤੰਬਰ :ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਸਾਫ਼-ਸੁਥਰਾ, ਸੁੰਦਰ ਅਤੇ ਵਾਤਾਵਰਣ ਪੱਖੋਂ ਬਿਹਤਰ ਬਣਾਉਣ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮਿਸ਼ਨ ਕਲੀਨ ਪੰਜਾਬ ਮੁਹਿੰਮ ਤਹਿਤ ਪਟਿਆਲਾ ਦੇ ਵੱਖ-ਵੱਖ ਪਿੰਡਾਂ ਵਿੱਚ ਸਫ਼ਾਈ ਮੁਹਿੰਮ ਚਲਾਈ ਗਈ। ਇਸ ਮੁਹਿੰਮ ਦੌਰਾਨ ਪਟਿਆਲਾ ਦੇ ਵੀਰ ਹਕੀਕਤ ਰਾਏ ਸਕੂਲ ਦੇ ਵਿਦਿਆਰਥੀਆਂ ਨੇ ਵੀ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਸਫ਼ਾਈ ਪ੍ਰਤੀ ਆਪਣੀ ਜ਼ਿੰਮੇਵਾਰੀ ਦਾ ਪ੍ਰਗਟਾਵਾ ਕੀਤਾ।

ਪਿੰਡਾਂ ਵਿੱਚ ਆਪਣੇ ਆਲੇ-ਦੁਆਲੇ ਨੂੰ ਸਾਫ਼ ਰੱਖਣ ਅਤੇ ਸਫ਼ਾਈ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਇਸ ਸਰਗਰਮ ਭਾਗੀਦਾਰੀ ਨੇ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ ਅਤੇ ਸਮਾਜ ਵਿੱਚ ਸਫ਼ਾਈ ਪ੍ਰਤੀ ਜਾਗਰੂਕਤਾ ਦਾ ਸੁਨੇਹਾ ਦਿੱਤਾ।


ਪੰਜਾਬ ਸਰਕਾਰ ਸੂਬੇ ਨੂੰ ਮੁੜ ਸਾਫ਼-ਸੁਥਰਾ, ਖੂਬਸੂਰਤ ਅਤੇ ਰੰਗਲਾ ਪੰਜਾਬ ਬਣਾਉਣ ਲਈ ਨਿਰੰਤਰ ਯਤਨਸ਼ੀਲ ਹੈ। ਸਫ਼ਾਈ ਮੁਹਿੰਮ ਦੀ ਸਫ਼ਲਤਾ ਲਈ ਸਰਕਾਰੀ ਯਤਨਾਂ ਦੇ ਨਾਲ-ਨਾਲ ਆਮ ਲੋਕਾਂ, ਵਿਦਿਆਰਥੀਆਂ ਅਤੇ ਸਮਾਜ ਦੇ ਹਰ ਵਰਗ ਦੀ ਭਾਗੀਦਾਰੀ ਬੇਹੱਦ ਮਹੱਤਵਪੂਰਨ ਹੈ।

ਇਸ ਮੌਕੇ ਇਹ ਸੁਨੇਹਾ ਦਿੱਤਾ ਗਿਆ ਕਿ ਪੰਜਾਬ ਨੂੰ ਸਾਫ ਸੁਥਰਾ ਰੱਖਣਾ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਸਾਡੇ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਜੇਕਰ ਹਰ ਨਾਗਰਿਕ ਆਪਣੇ ਘਰ, ਗਲੀ, ਪਿੰਡ ਅਤੇ ਆਲੇ-ਦੁਆਲੇ ਦੀ ਸਫ਼ਾਈ ਪ੍ਰਤੀ ਜਾਗਰੂਕ ਹੋਵੇ ਤਾਂ ਪੰਜਾਬ ਨੂੰ ਹੋਰ ਵੀ ਸੁੰਦਰ ਅਤੇ ਖੂਬਸੂਰਤ ਬਣਾਇਆ ਜਾ ਸਕਦਾ ਹੈ।

## ਨਨਕਾਣਾ ਸਾਹਿਬ ਪਬਲਿਕ ਸਕੂਲ 'ਚ ਦੁੱਧ ਖਪਤਕਾਰ ਜਾਗਰੂਕਤਾ (ਸਕੂਲ) ਕੈਂਪ ਆਯੋਜਿਤ

### 58 ਦੁੱਧ ਦੇ ਸੈਂਪਲਾਂ ਦੀ ਕੀਤੀ ਜਾਂਚ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ, 02 ਸਤੰਬਰ : ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਵਰਿਆਮ ਸਿੰਘ ਗਿੱਲ ਦੇ ਹੁਕਮਾਂ ਅਨੁਸਾਰ ਪੰਜਾਬ ਡੇਅਰੀ ਵਿਕਾਸ ਵਿਭਾਗ ਵੱਲੋਂ ਦੁੱਧ ਖਪਤਕਾਰਾਂ ਨੂੰ ਸ਼ੁੱਧ, ਮਿਆਰੀ ਅਤੇ ਸਾਫ਼ ਦੁੱਧ ਮੁਹੱਈਆ ਕਰਵਾਉਣ ਅਤੇ ਦੁੱਧ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਨ ਦੇ ਉਦੇਸ਼ ਨਾਲ ਜ਼ਿਲ੍ਹਾ ਲੁਧਿਆਣਾ ਦੇ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਲੁਧਿਆਣਾ ਦੀ ਅਗਵਾਈ ਹੇਠ ਨਨਕਾਣਾ ਸਾਹਿਬ ਪਬਲਿਕ ਸਕੂਲ, ਸਮਰਾਲਾ ਵਿਖੇ ਦੁੱਧ ਖਪਤਕਾਰ ਜਾਗਰੂਕਤਾ (ਸਕੂਲ) ਕੈਂਪ ਲਗਾਇਆ ਗਿਆ।

ਕੈਂਪ ਦੌਰਾਨ ਵਿਦਿਆਰਥੀਆਂ ਨੂੰ ਦੁੱਧ ਅਤੇ ਦੁੱਧ ਪਦਾਰਥਾਂ ਦੀ ਮਹੱਤਤਾ, ਸਿਹਤਮੰਦ ਖੁਰਾਕ, ਜੰਕ ਫੂਡ ਅਤੇ ਕੋਲਡ ਡਰਿੰਕਸ ਤੋਂ ਪਰਹੇਜ਼ ਕਰਨ ਦੇ ਨਾਲ-ਨਾਲ ਕੈਰੀਅਰ ਗਾਈਡੈਂਸ ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।



ਇਸ ਮੌਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਲਿਆਂਦੇ ਗਏ 58 ਦੁੱਧ ਦੇ ਸੈਂਪਲਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ43 ਸੈਂਪਲ ਮਿਆਰਾਂ ਅਨੁਸਾਰ ਅਤੇ 15 ਸੈਂਪਲ ਮਿਆਰਾਂ ਤੋਂ ਘੱਟ ਪਾਏ ਗਏ। ਜਾਂਚ ਕੀਤੇ ਗਏ ਕਿਸੇ ਵੀ ਦੁੱਧ ਦੇ ਸੈਂਪਲ ਵਿੱਚ ਕੋਈ ਹਾਨੀਕਾਰਕ ਤੱਤ ਨਹੀਂ ਪਾਇਆ ਗਿਆ।

ਕੈਂਪ ਦੌਰਾਨ ਡੇਅਰੀ ਵਿਕਾਸ ਇੰਸਪੈਕਟਰ ਸ੍ਰੀ ਸੁਖਵਿੰਦਰ ਸਿੰਘ, ਮਿਸ ਅੰਕਿਤ ਕਪੂਰ ਅਤੇ ਮਿਸ ਅਨੁਰਾਗਦੀਪ ਕੌਰ ਵੱਲੋਂ ਆਪਣੇ ਵਿਸ਼ਿਆਂ ਸਬੰਧੀ ਜਾਣਕਾਰੀ ਦਿੱਤੀ ਗਈ। ਸ੍ਰੀਮਤੀ ਸੁਖਦੀਪ ਕੌਰ, ਅਸਿਸਟੈਂਟ ਪ੍ਰੋਫੈਸਰ, KVK, PAU ਵੱਲੋਂ ਵੀ ਵਿਦਿਆਰਥੀਆਂ ਨੂੰ ਵਿਸ਼ੇਸ਼ ਲੈਕਚਰ ਦਿੱਤਾ ਗਿਆ।

ਸਕੂਲ ਦੇ ਪ੍ਰਿੰਸੀਪਲ ਵੱਲੋਂ ਵਿਭਾਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਗਿਆ ਕਿ ਅਜਿਹੇ ਜਾਗਰੂਕਤਾ ਕੈਂਪ ਵਿਦਿਆਰਥੀਆਂ ਨੂੰ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਅਪਣਾਉਣ ਅਤੇ ਆਪਣੇ ਭਵਿੱਖ ਪ੍ਰਤੀ ਜਾਗਰੂਕ ਕਰਨ ਲਈ ਬਹੁਤ ਲਾਭਦਾਇਕ ਹਨ।

ਇਸ ਮੌਕੇ ਸਕੂਲ ਦੇ ਇੰਚਾਰਜ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ "Milk Pio and Barfi"ਤਹਿਤ ਰਿਫਰੈਸ਼ਮੈਂਟ ਦਿੱਤੀ ਗਈ। ਇਸ ਤੋਂ ਇਲਾਵਾ ਵਿਭਾਗ ਵੱਲੋਂ ਕਰਵਾਏ ਗਏ ਕੁਇਜ਼ ਮੁਕਾਬਲੇ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੀ ਪ੍ਰਦਾਨ ਕੀਤੇ ਗਏ।

# ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਜਾਗਰੂਕਤਾ ਰੈਲੀਆਂ, ਸਹੁੰ-ਚੁੱਕ ਸਮਾਗਮਾਂ ਅਤੇ ਵਿਦਿਆਰਥੀ ਗਤੀਵਿਧੀਆਂ ਰਾਹੀਂ 'ਰੈਗਿੰਗ-ਵਿਰੋਧੀ ਹਫ਼ਤਾ' ਮਨਾਇਆ ਗਿਆ; ਰੈਗਿੰਗ ਦੀ ਕੋਈ ਘਟਨਾ ਸਾਹਮਣੇ ਨਹੀਂ ਆਈ

ਲੁਧਿਆਣਾ 2 ਸਤੰਬਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU), ਲੁਧਿਆਣਾ ਨੇ UGC ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ, 12 ਤੋਂ 18 ਅਗਸਤ 2026 ਤੱਕ ਆਪਣੇ ਮੁੱਖ ਕੈਂਪਸ, ਅਧੀਨ ਕਾਲਜਾਂ ਅਤੇ ਬਾਹਰੀ ਕੇਂਦਰਾਂ (ਆਊਟਸਟੇਸ਼ਨਾਂ) ਵਿੱਚ 'ਰੈਗਿੰਗ-ਵਿਰੋਧੀ ਦਿਵਸ' ਅਤੇ 'ਰੈਗਿੰਗ-ਵਿਰੋਧੀ ਹਫ਼ਤਾ' ਮਨਾਇਆ। ਇਸ ਹਫ਼ਤਾ-ਭਰ ਚੱਲੀ ਮੁਹਿੰਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰੈਗਿੰਗ ਦੇ ਨੁਕਸਾਨਦੇਹ ਪ੍ਰਭਾਵਾਂ ਅਤੇ ਇਸ ਦੇ ਕਾਨੂੰਨੀ, ਅਨੁਸ਼ਾਸਨੀ ਤੇ ਮਨੋਵਿਗਿਆਨਕ ਨਤੀਜਿਆਂ ਬਾਰੇ ਜਾਗਰੂਕ ਕਰਨਾ ਸੀ, ਅਤੇ ਨਾਲ ਹੀ ਇੱਕ ਸੁਰੱਖਿਅਤ, ਸਤਿਕਾਰਯੋਗ, ਸਮਾਵੇਸ਼ੀ ਅਤੇ ਰੈਗਿੰਗ-ਮੁਕਤ ਵਿੱਦਿਅਕ ਮਾਹੌਲ ਨੂੰ ਉਤਸ਼ਾਹਿਤ ਕਰਨਾ ਸੀ, ਖਾਸ ਕਰਕੇ ਨਵੇਂ ਦਾਖਲ ਹੋਏ ਵਿਦਿਆਰਥੀਆਂ ਲਈ।

ਯੂਨੀਵਰਸਿਟੀ ਨੇ ਇਸ ਹਫ਼ਤੇ ਅਤੇ ਇਸ ਤੋਂ ਪਹਿਲਾਂ ਦੇ ਹਫ਼ਤਿਆਂ ਦੌਰਾਨ ਰੈਗਿੰਗ ਦੀ ਕੋਈ ਵੀ ਘਟਨਾ ਨਾ ਵਾਪਰਨ ਦੀ ਰਿਪੋਰਟ ਦਿੱਤੀ। ਯੂਨੀਵਰਸਿਟੀ ਨੇ ਪੂਰੇ ਹਫ਼ਤੇ ਦੌਰਾਨ ਵਿਦਿਆਰਥੀ-ਕੇਂਦਰਿਤ ਗਤੀਵਿਧੀਆਂ, ਜਾਗਰੂਕਤਾ ਪ੍ਰੋਗਰਾਮ ਅਤੇ ਰੋਕਥਾਮ ਵਾਲੇ ਉਪਾਅ ਕੀਤੇ। ਸਲਾਹਕਾਰ ਪੱਧਰ 'ਤੇ, ਨਵੇਂ ਦਾਖਲ ਹੋਏ ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਵਿਦਿਆਰਥੀਆਂ ਨੂੰ ਸੀਨੀਅਰ ਵਿਦਿਆਰਥੀਆਂ ਨਾਲ ਸਿਹਤਮੰਦ ਸਬੰਧ ਬਣਾਈ ਰੱਖਣ ਅਤੇ ਅਜਿਹੀ ਕਿਸੇ ਵੀ ਗਤੀਵਿਧੀ ਤੋਂ ਗੁਰੇਜ਼ ਕਰਨ ਬਾਰੇ ਸਲਾਹ-ਮਸ਼ਵਰਾ ਦਿੱਤਾ ਗਿਆ ਜਿਸ ਨੂੰ ਰੈਗਿੰਗ ਮੰਨਿਆ ਜਾ ਸਕਦਾ ਹੈ।



ਵਿੱਦਿਅਕ ਇਮਾਰਤਾਂ, ਵਿਭਾਗਾਂ, ਲੈਕਚਰ ਰੂਮ ਕੰਪਲੈਕਸਾਂ, ਲਾਇਬ੍ਰੇਰੀ, ਕੰਟੀਨ, ਦਾਖਲਾ ਗੇਟਾਂ, ਹੋਸਟਲਾਂ ਅਤੇ ਸਾਂਝੀਆਂ ਥਾਵਾਂ ਸਮੇਤ ਪ੍ਰਮੁੱਖ ਸਥਾਨਾਂ 'ਤੇ ਜਾਗਰੂਕਤਾ ਸੰਦੇਸ਼ਾਂ ਵਾਲੇ ਰੈਗਿੰਗ-ਵਿਰੋਧੀ ਪੋਸਟਰ, ਬੈਨਰ ਅਤੇ ਫਲੈਕਸ ਲਗਾਏ ਗਏ। ਰੈਗਿੰਗ-ਵਿਰੋਧੀ ਦਸਤਿਆਂ (Anti-Ragging Squads) ਅਤੇ ਫਲਾਇੰਗ ਸਕੁਐਡਾਂ ਨੇ ਕਲਾਸਰੂਮਾਂ, ਪ੍ਰਯੋਗਸ਼ਾਲਾਵਾਂ, ਲੈਕਚਰ ਹਾਲਾਂ, ਹੋਸਟਲਾਂ, ਮੈੱਸ ਅਤੇ ਕੰਟੀਨਾਂ ਦਾ ਨਿਯਮਤ ਅਤੇ ਅਚਨਚੇਤ ਦੌਰਾ ਕੀਤਾ ਅਤੇ ਜਾਗਰੂਕਤਾ ਤੇ ਚੌਕਸੀ ਨੂੰ ਮਜ਼ਬੂਤ ਕਰਨ ਲਈ ਵਿਦਿਆਰਥੀਆਂ ਨਾਲ ਗੱਲਬਾਤ ਕੀਤੀ।

12 ਅਗਸਤ ਨੂੰ, 'ਰਾਸ਼ਟਰੀ ਰੈਗਿੰਗ-ਵਿਰੋਧੀ ਦਿਵਸ' (National Anti-Ragging Day) ਮੌਕੇ ਜਾਗਰੂਕਤਾ ਲੈਕਚਰ ਅਤੇ ਮਾਹਿਰਾਂ ਦੇ ਸੈਸ਼ਨ ਆਯੋਜਿਤ ਕੀਤੇ ਗਏ। ਡਾ. ਮਨਮੀਤ ਕੌਰ ਨੇ ਡਾ. ਪੀ.ਕੇ. ਕਿੰਗਰਾ ਦੀ ਅਗਵਾਈ ਹੇਠ ਵਿਦਿਆਰਥੀਆਂ ਨੂੰ ਰੈਗਿੰਗ ਦੇ ਵੱਖ-ਵੱਖ ਰੂਪਾਂ ਅਤੇ ਮਾਨਸਿਕ ਸਿਹਤ 'ਤੇ ਇਸ ਦੇ ਪ੍ਰਭਾਵ ਬਾਰੇ ਜਾਣੂ ਕਰਵਾਇਆ। ਪੇਸ਼ੇਵਰ ਮਨੋਵਿਗਿਆਨੀ ਡਾ. ਸਵੀਨ ਸੈਣੀ ਵੱਲੋਂ ਤਣਾਅ ਪ੍ਰਬੰਧਨ, ਭਾਵਨਾਤਮਕ ਬੁੱਧੀ ਅਤੇ ਸਕਾਰਾਤਮਕ ਸੋਚ ਬਾਰੇ ਇੱਕ ਆਨਲਾਈਨ ਸੈਸ਼ਨ ਕਰਵਾਇਆ ਗਿਆ। ਖੇਤੀਬਾੜੀ ਪੱਤਰਕਾਰੀ, ਭਾਸ਼ਾਵਾਂ ਅਤੇ ਸੱਭਿਆਚਾਰ (AJLC) ਵਿਭਾਗ ਦੀ ਪ੍ਰੋਫੈਸਰ ਡਾ. ਸੁਮੇਧਾ ਭੰਡਾਰੀ ਨੇ ਰੈਗਿੰਗ ਦੀਆਂ ਕਿਸਮਾਂ ਅਤੇ ਕਾਰਨਾਂ ਬਾਰੇ ਵਿਸ਼ੇਸ਼ ਲੈਕਚਰ ਦਿੱਤਾ ਅਤੇ ਵਿਦਿਆਰਥੀਆਂ ਨੂੰ ਸਵੈ-ਮਾਣ ਅਤੇ ਦ੍ਰਿੜ੍ਹਤਾ (resilience) ਪੈਦਾ ਕਰਨ ਲਈ ਉਤਸ਼ਾਹਿਤ ਕੀਤਾ। ਡਾ. ਐਲ.ਐਮ. ਕਥੂਰੀਆ ਨੇ ਕੈਂਪਸ ਵਿੱਚ ਸੁਖਾਵਾਂ ਮਾਹੌਲ ਬਣਾਈ ਰੱਖਣ ਵਿੱਚ ਸੀਨੀਅਰ ਵਿਦਿਆਰਥੀਆਂ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਸਵਾਗਤੀ ਭਾਸ਼ਣ ਡਾ. ਰੱਖਪ੍ਰੀਤ ਕੌਰ ਵਾਲੀਆ (AJLC) ਵੱਲੋਂ ਦਿੱਤਾ ਗਿਆ। ਵਿਦਿਆਰਥਣਾਂ ਅੰਸ਼ੁਲ ਸ਼ਰਮਾ ਅਤੇ ਮਿਤਾਲੀ ਨੇ ਵੀ ਸੀਨੀਅਰਾਂ ਅਤੇ ਜੂਨੀਅਰਾਂ ਵਿਚਕਾਰ ਦੋਸਤੀ ਅਤੇ ਆਪਸੀ ਸਤਿਕਾਰ ਨੂੰ ਵਧਾਉਣ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਦਿਨ ਦੀ ਸਮਾਪਤੀ ਚੁੱਪ ਅਤੇ ਨਾਅਰੇਬਾਜ਼ੀ ਵਾਲੀਆਂ ਰੈਲੀਆਂ ਅਤੇ PAU ਕੈਂਪਸ ਨੂੰ ਰੈਗਿੰਗ-ਮੁਕਤ ਰੱਖਣ ਦੇ ਸਮੂਹਿਕ ਪ੍ਰਣ ਨਾਲ ਹੋਈ।

13 ਅਗਸਤ ਨੂੰ, ਨਾਅਰੇ ਲਿਖਣ ਦੇ ਮੁਕਾਬਲੇ ਅਤੇ 'ਰੈਗਿੰਗ ਨੂੰ ਨਾਂਹ' (Say No to Ragging) ਕਹਿਣ ਸਬੰਧੀ ਪ੍ਰਣ ਲੈਣ ਦੀ ਮੁਹਿੰਮ ਆਯੋਜਿਤ ਕੀਤੀ ਗਈ। ਵਿਦਿਆਰਥੀਆਂ ਨੇ ਸੋਚ, ਬੋਲ ਅਤੇ ਕਰਮ ਰਾਹੀਂ ਰੈਗਿੰਗ ਤੋਂ ਦੂਰ ਰਹਿਣ ਅਤੇ ਭਾਈਚਾਰੇ, ਮਾਣ-ਸਨਮਾਨ ਅਤੇ ਆਪਸੀ ਸਤਿਕਾਰ ਨੂੰ ਉਤਸ਼ਾਹਿਤ ਕਰਨ ਦਾ ਪ੍ਰਣ ਲਿਆ। 14 ਅਗਸਤ ਨੂੰ, ਲਗਭਗ 300 ਵਿਦਿਆਰਥੀਆਂ ਦੀ ਸ਼ਮੂਲੀਅਤ ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਰੈਲੀਆਂ ਕੱਢੀਆਂ ਗਈਆਂ। ਇਸ ਦੇ ਨਾਲ ਹੀ ਪੋਸਟਰ ਅਤੇ ਨਾਅਰੇ ਲਿਖਣ ਦੇ ਮੁਕਾਬਲੇ, ਭਾਸ਼ਣ ਮੁਕਾਬਲੇ ਅਤੇ PAL ਆਡੀਟੋਰੀਅਮ ਵਿਖੇ ਕਵਿਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਦਾ ਤਾਲਮੇਲ ਡਾ. ਹਰਲੀਨ ਕੌਰ ਨੇ ਕੀਤਾ। UGC ਦੀ ਰੈਗਿੰਗ-ਵਿਰੋਧੀ ਮੋਬਾਈਲ ਐਪ ਅਤੇ ਹੈਲਪਲਾਈਨ ਸੇਵਾਵਾਂ ਬਾਰੇ ਜਾਣਕਾਰੀ ਦੇਣ ਲਈ ਇੱਕ 'ਰੈਗਿੰਗ-ਵਿਰੋਧੀ ਹੈਲਪ ਡੈਸਕ' ਵੀ ਸਥਾਪਤ ਕੀਤਾ ਗਿਆ।

16 ਅਤੇ 17 ਅਗਸਤ ਨੂੰ 'ਸਟੂਡੈਂਟ ਮੈਂਟਰਸ਼ਿਪ' (ਵਿਦਿਆਰਥੀ ਮਾਰਗਦਰਸ਼ਨ) ਅਤੇ 'ਬੱਡੀ ਪ੍ਰੋਗਰਾਮ' ਸ਼ੁਰੂ ਕੀਤੇ ਗਏ, ਜਿਨ੍ਹਾਂ ਦੇ ਤਹਿਤ ਪਹਿਲੇ ਸਾਲ ਦੇ ਪੰਜ ਵਿਦਿਆਰਥੀਆਂ ਲਈ ਇੱਕ ਸੀਨੀਅਰ ਵਿਦਿਆਰਥੀ ਨੂੰ 'ਮੈਂਟਰ' (ਮਾਰਗਦਰਸ਼ਕ) ਵਜੋਂ ਨਿਯੁਕਤ ਕੀਤਾ ਗਿਆ। ਚਾਹਤਪ੍ਰੀਤ ਕੌਰ, ਏਕਮਦੀਪ ਸਿੰਘ, ਹਰਿੰਦਰ ਸਿੰਘ, ਹੈਵਨਦੀਪ ਸਿੰਘ, ਜਸ਼ਨਪ੍ਰੀਤ ਕੌਰ, ਅਰਸ਼ਦੀਪ ਸਿੰਘ, ਵੀਰ ਕਮਲ, ਸੁਖਮਨ ਕੌਰ ਥਿੰਦ, ਕੋਮਲ ਚੌਧਰੀ, ਕੰਵਲਪ੍ਰੀਤ ਸਿੰਘ, ਰਵਿੰਦਰ ਸਿੰਘ ਅਤੇ ਪ੍ਰਭਜੋਤ ਕੌਰ ਸਮੇਤ ਹੋਰ ਸੀਨੀਅਰ ਮੈਂਟਰਾਂ ਨੇ ਨਵੇਂ ਵਿਦਿਆਰਥੀਆਂ ਨੂੰ ਪੜ੍ਹਾਈ, ਯੂਨੀਵਰਸਿਟੀ ਦੀਆਂ ਸਹੂਲਤਾਂ, ਅਨੁਸ਼ਾਸਨ ਅਤੇ ਕੈਂਪਸ ਜੀਵਨ ਬਾਰੇ ਜਾਣਕਾਰੀ ਅਤੇ ਅਗਵਾਈ ਦਿੱਤੀ। ਇਸ ਦੌਰਾਨ ਸਲਾਹ-ਮਸ਼ਵਰੇ ਵਾਲੀਆਂ ਕਲਾਸਾਂ ਵੀ ਲਗਾਈਆਂ ਗਈਆਂ, ਜਿਨ੍ਹਾਂ ਵਿੱਚ 'ਰੈਗਿੰਗ-ਵਿਰੋਧੀ' ਜਾਗਰੂਕਤਾ ਵੀਡੀਓ ਦਿਖਾਏ ਗਏ।

ਇਸ ਹਫ਼ਤੇ ਦੀ ਸਮਾਪਤੀ 18 ਅਗਸਤ ਨੂੰ ਇੱਕ ਜਾਗਰੂਕਤਾ ਮਾਰਚ, ਸਹੁੰ ਚੁੱਕ ਸਮਾਗਮਾਂ ਅਤੇ ਕੇ.ਵੀ.ਕੇ. (KVK) ਗੁਰਦਾਸਪੁਰ ਦੀ ਡਾ. ਸਤਵਿੰਦਰਜੀਤ ਕੌਰ (ਜੋ ਆਈ.ਓ.ਏ. ਗੁਰਦਾਸਪੁਰ ਦੀ ਕਾਰਜਕਾਰੀ ਕਨਵੀਨਰ ਵੀ ਹਨ) ਦੇ ਸਮਾਪਤੀ ਭਾਸ਼ਣ ਨਾਲ ਹੋਈ। ਰੈਗਿੰਗ-ਵਿਰੋਧੀ ਕਮੇਟੀ ਦੀ ਮੈਂਬਰ ਅਤੇ ਯੂ.ਜੀ. (UG) ਗਰਲਜ਼ ਹੋਸਟਲ ਦੀ ਵਾਰਡਨ, ਡਾ. ਪ੍ਰਿਆ ਕਤਿਆਲ ਨੇ ਧੰਨਵਾਦੀ ਮਤਾ ਪੇਸ਼ ਕੀਤਾ।

ਕਾਲਜਾਂ ਅਤੇ ਬਾਹਰੀ ਕੇਂਦਰਾਂ (ਆਊਟਸਟੇਸ਼ਨਾਂ) ਦੇ ਸਾਂਝੇ ਯਤਨਾਂ ਦੀ ਸ਼ਲਾਘਾ ਕਰਦਿਆਂ, ਪੀ.ਏ.ਯੂ. (PAU) ਦੇ ਵਾਈਸ-ਚਾਂਸਲਰ ਡਾ. ਰਿਸ਼ੀ ਪਾਲ ਸਿੰਘ (ਆਈ.ਏ.ਐਸ.) ਨੇ ਕਿਹਾ ਕਿ ਰੈਗਿੰਗ-ਮੁਕਤ ਕੈਂਪਸ ਇੱਕ ਸੱਚੇ ਵਿੱਦਿਅਕ ਅਦਾਰੇ ਲਈ ਬੁਨਿਆਦੀ ਲੋੜ ਹੈ। ਉਨ੍ਹਾਂ ਨੇ ਰੈਗਿੰਗ ਪ੍ਰਤੀ ਪੀ.ਏ.ਯੂ. ਦੀ 'ਜ਼ੀਰੋ-ਟੋਲਰੈਂਸ' (ਸਖ਼ਤ ਮਨਾਹੀ) ਨੀਤੀ 'ਤੇ ਮਾਣ ਪ੍ਰਗਟਾਇਆ ਅਤੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਯੂਨੀਵਰਸਿਟੀ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਹਰ ਨਵਾਂ ਵਿਦਿਆਰਥੀ ਸੁਰੱਖਿਅਤ, ਸਤਿਕਾਰਤ ਅਤੇ ਸੁਆਗਤਯੋਗ ਮਹਿਸੂਸ ਕਰੇ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਯੂਨੀਵਰਸਿਟੀ ਦੀ ਪਹੁੰਚ ਸਿਰਫ਼ ਰੋਕਥਾਮ ਤੱਕ ਸੀਮਤ ਨਹੀਂ ਹੈ, ਸਗੋਂ ਵਿਦਿਆਰਥੀਆਂ ਵਿੱਚ ਹਮਦਰਦੀ, ਭਾਈਚਾਰਕ ਸਾਂਝ ਅਤੇ ਮਾਰਗਦਰਸ਼ਨ ਦੀ ਭਾਵਨਾ ਪੈਦਾ ਕਰਨ 'ਤੇ ਵੀ ਕੇਂਦਰਿਤ ਹੈ; ਉਨ੍ਹਾਂ ਨੇ ਪੂਰੇ ਹਫ਼ਤੇ ਦੌਰਾਨ ਵਿਦਿਆਰਥੀਆਂ ਦੀ ਉਤਸ਼ਾਹਜਨਕ ਸ਼ਮੂਲੀਅਤ ਦੀ ਵੀ ਸ਼ਲਾਘਾ ਕੀਤੀ।

ਪੀ.ਏ.ਯੂ. ਦੇ ਵਿਦਿਆਰਥੀ ਭਲਾਈ ਨਿਰਦੇਸ਼ਕ ਡਾ. ਡੀ.ਕੇ. ਸੂਰੀ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਮੁਹਿੰਮ ਦੀ ਸਫਲਤਾ ਵਿਦਿਆਰਥੀਆਂ ਦੀ ਭਰਪੂਰ ਸ਼ਮੂਲੀਅਤ ਵਿੱਚ ਝਲਕਦੀ ਹੈ, ਜਿਸ ਵਿੱਚ ਜਾਗਰੂਕਤਾ ਰੈਲੀਆਂ ਤੋਂ ਲੈ ਕੇ 'ਬ ਉਨ੍ਹਾਂ ਨੇ ਅਕਾਦਮਿਕ ਬਲਾਕਾਂ, ਹੋਸਟਲਾਂ, ਮੈੱਸਾਂ, ਕੰਟੀਨਾਂ ਅਤੇ ਪ੍ਰਯੋਗਸ਼ਾਲਾਵਾਂ ਵਿੱਚ ਨਿਯਮਤ ਅਤੇ ਅਚਨਚੇਤ ਜਾਂਚ ਕਰਨ ਲਈ ਡੀਨਾਂ, ਕਨਵੀਨਰਾਂ, ਸਲਾਹਕਾਰਾਂ, ਵਾਰਡਨਾਂ ਅਤੇ ਸਕੁਐਡ ਮੈਂਬਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲਗਾਤਾਰ ਨਿਗਰਾਨੀ ਦੇ ਨਾਲ-ਨਾਲ ਵਿਦਿਆਰਥੀਆਂ ਦੀ ਕਾਊਂਸਲਿੰਗ ਅਤੇ ਜਾਗਰੂਕਤਾ ਨੇ ਇਹ ਯਕੀਨੀ ਬਣਾਉਣ ਵਿੱਚ ਯੋਗਦਾਨ ਪਾਇਆ ਹੈ ਕਿ ਰੈਗਿੰਗ ਦੀ ਕੋਈ ਵੀ ਘਟਨਾ ਸਾਹਮਣੇ ਨਾ ਆਵੇ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀ ਚੌਕਸੀ PAU ਵਿਖੇ ਹਰੇਕ ਵਿਦਿਆਰਥੀ ਲਈ ਸੁਰੱਖਿਅਤ, ਅਨੁਸ਼ਾਸਿਤ ਅਤੇ ਸਹਿਯੋਗੀ ਮਾਹੌਲ ਨੂੰ ਮਜ਼ਬੂਤ ਕਰਨਾ ਜਾਰੀ ਰੱਖੇਗੀ।

# ਪਾਇਲ 'ਚ 'ਸਖੀ ਸਨਮਾਨ ਸਮਾਗਮ'- ਮਾਨ ਸਰਕਾਰ ਦੀਆਂ ਕ੍ਰਾਂਤੀਕਾਰੀ ਨੀਤੀਆਂ ਨਾਲ ਪੰਜਾਬ 'ਚ ਔਰਤਾਂ ਦਾ ਬਦਲ ਰਿਹਾ ਜੀਵਨ ਪੱਧਰ — ਵਿਧਾਇਕ ਗਿਆਸਪੁਰਾ

## 1200 ਤੋਂ ਵੱਧ ਸਖੀਆਂ ਦੇ ਵਿਸ਼ਾਲ ਇਕੱਠ 'ਚ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਦਾ ਦਾਅਵਾ: "ਇਕੱਲੀ-ਇਕੱਲੀ ਸਖੀ ਨੇ 'ਭਗਵੰਤ ਮਾਨ' ਬਣ ਕੇ ਘਰ-ਘਰ ਪਹੁੰਚਾਈਆਂ ਯੋਜਨਾਵਾਂ, 2027 'ਚ ਮੁੜ ਬਣੇਗੀ 'ਆਪ' ਸਰਕਾਰ"



ਲੁਧਿਆਣਾ 02 ਸਤੰਬਰ ਹਲਕਾ ਪਾਇਲ ਵਿਖੇ ਆਯੋਜਿਤ 'ਸਖੀ ਸਨਮਾਨ ਸਮਾਗਮ' ਦੌਰਾਨ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਦੀਆਂ ਔਰਤ ਪੱਖੀ ਨੀਤੀਆਂ ਅਤੇ ਲੋਕ-ਭਲਾਈ ਯੋਜਨਾਵਾਂ ਦੀ ਭਰਪੂਰ ਸ਼ਲਾਘਾ ਕੀਤੀ ਗਈ। ਇਸ ਸਮਾਰੋਹ ਦੌਰਾਨ 1200 ਤੋਂ ਵੱਧ ਸਖੀਆਂ ਨੇ ਪੂਰੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ, ਜਿਨ੍ਹਾਂ ਦਾ ਮੁੱਖ ਮਨੋਰਥ ਪੰਜਾਬ ਸਰਕਾਰ ਦੀ 'ਮਾਵਾਂ-ਧੀਆਂ ਸਤਿਕਾਰਯੋਗ ਯੋਜਨਾ' ਨੂੰ ਸੂਬੇ ਦੇ ਹਰ ਘਰ ਤੱਕ ਪਹੁੰਚਾਉਣ ਵਿੱਚ ਸਖੀਆਂ ਦੁਆਰਾ ਨਿਭਾਈ ਗਈ ਵਿਸ਼ੇਸ਼ ਭੂਮਿਕਾ ਨੂੰ ਸਨਮਾਨਿਤ ਕਰਨਾ ਸੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਪਾਇਲ ਹਲਕੇ ਦੇ ਵਿਧਾਇਕ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਇਤਿਹਾਸਕ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਜੋ ਵਾਅਦਾ ਜਨਤਾ ਨਾਲ ਕਰਦੀ ਹੈ, ਉਸਨੂੰ ਹਰ ਹਾਲਤ ਵਿੱਚ ਅਮਲੀ ਰੂਪ ਦਿੰਦੀ ਹੈ। ਪੰਜਾਬ ਅੰਦਰ ਵੀ ਸਾਰੇ ਵਾਅਦੇ ਪੂਰੇ ਕੀਤੇ ਗਏ ਜੋ ਅੱਜ ਤੱਕ ਦੇ ਇਤਿਹਾਸ ਵਿੱਚ ਕਿਸੇ ਸਰਕਾਰ ਨੇ ਪਹਿਲੀ ਵਾਰ ਕਰਕੇ ਦਿਖਾਇਆ ਹੈ। ਔਰਤਾਂ ਦੇ ਆਰਥਿਕ ਸਸ਼ਕਤੀਕਰਨ ਲਈ ਦਿੱਤੀ ਜਾ ਰਹੀ ਵਿੱਤੀ ਸਹਾਇਤਾ ਬਾਰੇ ਵਿਸਥਾਰ ਨਾਲ ਦੱਸਦਿਆਂ ਗਿਆਸਪੁਰਾ ਨੇ ਕਿਹਾ ਕਿ ਜਨਰਲ ਵਰਗ ਦੀਆਂ ਔਰਤਾਂ ਨੂੰ ਸਰਕਾਰ ਵੱਲੋਂ 1000 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਤਿੰਨ ਮਹੀਨਿਆਂ ਦੀ 3000 ਰੁਪਏ ਦੀ ਇੱਕਮੁਸ਼ਤ ਕਿਸ਼ਤ ਦਿੱਤੀ ਗਈ ਹੈ। ਅਨੁਸੂਚਿਤ ਜਾਤੀ ਵਰਗ ਦੀਆਂ ਔਰਤਾਂ ਨੂੰ 1500 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਤਿੰਨ ਮਹੀਨਿਆਂ ਦੀ 4500 ਰੁਪਏ ਦੀ ਕੁੱਲ ਰਕਮ ਸਿੱਧੀ ਖਾਤਿਆਂ ਵਿੱਚ ਭੇਜੀ ਗਈ ਹੈ। ਵਿਧਾਇਕ ਗਿਆਸਪੁਰਾ ਨੇ ਸਪੱਸ਼ਟ ਕੀਤਾ ਕਿ ਇਹ ਵਿੱਤੀ ਸਹਾਇਤਾ ਆਉਣ ਵਾਲੇ ਸਮੇਂ ਵਿੱਚ ਵੀ ਬਿਨਾਂ ਕਿਸੇ ਰੁਕਾਵਟ ਦੇ ਇਸੇ ਤਰ੍ਹਾਂ ਜਾਰੀ ਰਹੇਗੀ, ਤਾਂ ਜੋ ਔਰਤਾਂ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣ ਸਕਣ।

ਸਮਾਗਮ 'ਚ ਉਚੇਚੇ ਤੌਰ 'ਤੇ ਸ਼ਾਮਲ ਹੋਏ ਲੁਧਿਆਣਾ ਨਗਰ ਨਿਗਮ ਦੀ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਸਖੀਆਂ ਦੀ ਮਿਹਨਤ ਦੀ ਪੂਰੀ ਲਗਨ ਨਾਲ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਸਖੀਆਂ ਨੇ ਸਰਕਾਰੀ ਯੋਜਨਾਵਾਂ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਵਿੱਚ ਰੀੜ੍ਹ ਦੀ ਹੱਡੀ ਵਾਂਗ ਕੰਮ ਕੀਤਾ ਹੈ। ਅਸੀਂ ਇਕੱਲੀ-ਇਕੱਲੀ ਸਖੀ ਦੇ ਦਿਲੋਂ ਰਿਣੀ ਹਾਂ। ਇਨ੍ਹਾਂ ਨੇ ਹਰ ਘਰ ਜਾ ਕੇ ਆਪ 'ਭਗਵੰਤ ਮਾਨ' ਬਣ ਕੇ ਰਜਿਸਟ੍ਰੇਸ਼ਨ ਕੀਤੀ, ਜਿਸਦੇ ਸਿੱਟੇ ਵਜੋਂ ਅੱਜ ਔਰਤਾਂ ਦੇ ਖਾਤਿਆਂ ਵਿੱਚ ਸਿੱਧੀ ਰਾਸ਼ੀ ਪਹੁੰਚੀ ਹੈ। ਮੇਅਰ ਇੰਦਰਜੀਤ ਕੌਰ ਨੇ ਭਰੋਸਾ ਦਿਵਾਇਆ ਕਿ ਜਿਸ ਤਰ੍ਹਾਂ ਸਖੀਆਂ ਨੇ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਨਾਲ ਨਿਭਾਈ ਹੈ, ਸਰਕਾਰ ਵੀ ਆਉਣ ਵਾਲੇ ਸਮੇਂ ਵਿੱਚ ਉਨ੍ਹਾਂ ਦੀ ਯੋਗਤਾ ਅਤੇ ਸਮਰੱਥਾ ਦੇ ਆਧਾਰ 'ਤੇ ਬਣਦੀਆਂ ਵੱਡੀਆਂ ਜ਼ਿੰਮੇਵਾਰੀਆਂ ਸੌਂਪੇਗੀ।

ਆਪਣੇ ਨਿੱਜੀ ਤਜਰਬੇ ਅਤੇ ਪਾਰਟੀ ਦੀ ਸੋਚ ਸਾਂਝੀ ਕਰਦਿਆਂ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਅਜਿਹੀ ਸਰਕਾਰ ਆਈ ਹੈ ਜਿਸਨੇ ਔਰਤਾਂ ਨੂੰ ਰਾਜਨੀਤੀ ਅਤੇ ਸਮਾਜ ਵਿੱਚ ਬਰਾਬਰ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਉਨ੍ਹਾਂ ਨੂੰ ਲੁਧਿਆਣਾ ਵਰਗੇ ਮਹਾਂਨਗਰ ਦੀ ਮੇਅਰ ਬਣਾ ਕੇ ਜੋ ਮਾਣ ਬਖਸ਼ਿਆ ਹੈ, ਉਸਦਾ ਕਰਜ਼ ਉਹ ਕਦੇ ਨਹੀਂ ਉਤਾਰ ਸਕਦੇ।

ਉਨ੍ਹਾਂ ਦਾਅਵਾ ਕੀਤਾ ਕਿ ਪਾਇਲ ਦਾ ਇਹ ਰਿਕਾਰਡਤੋੜ ਇਕੱਠ ਅਤੇ ਔਰਤਾਂ ਦਾ ਉਤਸ਼ਾਹ ਇਹ ਸਾਫ਼ ਦਰਸਾਉਂਦਾ ਹੈ ਕਿ ਸੂਬੇ ਦੇ ਲੋਕ ਮਾਨ ਸਰਕਾਰ ਦੇ ਕੰਮਾਂ ਤੋਂ ਬੇਹੱਦ ਖੁਸ਼ ਹਨ ਅਤੇ ਸਾਲ 2027 ਵਿੱਚ ਇੱਕ ਵਾਰ ਫਿਰ ਪੂਰਨ ਬਹੁਮਤ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।

ਸਮਾਗਮ ਦੇ ਅੰਤ ਵਿੱਚ ਹਾਜ਼ਰ ਸਾਰੀਆਂ ਸਖੀਆਂ ਨੇ ਪੰਜਾਬ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਨੂੰ ਹਰ ਲੋੜਵੰਦ ਤੱਕ ਪਹੁੰਚਾਉਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਪਾਇਲ ਵਿੱਚ ਹੋਇਆ ਇਹ ਸਮਾਗਮ ਔਰਤ ਸ਼ਕਤੀਕਰਨ ਅਤੇ ਸਰਕਾਰੀ ਨੀਤੀਆਂ ਦੇ ਸਫ਼ਲ ਸੁਮੇਲ ਦੀ ਇੱਕ ਪ੍ਰਤੱਖ ਮਿਸਾਲ ਬਣ ਕੇ ਸਾਹਮਣੇ ਆਇਆ।

# ਚਾਂਦਨੀ ਚੌਕ ਵਿੱਚ ਭਾਈ ਜੈਤਾ ਜੀ ਅਤੇ ਪਿਤਾ ਭਾਈ ਸਦਾ ਨੰਦ ਜੀ ਦਰਮਿਆਨ ਗੱਲਬਾਤ ।


ਘੜੀ ਪਰਖ ਦੀ ਆ ਗਈ ਹੁਣ ਬਾਪੂ
ਜਾਂਨ ਤਲੀ ਤੇ ਧਰਕੇ ਸੀਸ ਚੁੱਕਣਾ
ਸੀਸ ਚੁੱਕਣ ਦੀ ਫੀਸ ਹੈ ਸੀਸ ਬਾਪੂ
ਤੂੰ ਦੱਸ ਫੀਸ ਦੇਣੀ ਜਾਂ ਸੀਸ ਚੁੱਕਣਾ

ਸੀਸ ਹਾਜ਼ਰ ਹੈ ਮੇਰੇ ਸ਼ੇਰ ਪੁਤਰਾਂ
ਇਸ ਗੱਲੋਂ ਨਾ ਕਿਤੇ ਦੇਰ ਕਰ ਦਈਂ
ਸੀਸ ਚੁੱਕ ਲਈ ਨਾਲ ਸਤਿਕਾਰ ਦੇ ਤੂੰ
ਬਦਲੇ ਸੀਸ ਦੇ ਭੇਟਾ ਸੀਸ ਕਰ ਦਈਂ

ਚੁਗਲਖੋਰ ਬਿਜਲੀ ਕੜਕਦੀ ਸੀ
ਸਦਾ ਨੰਦ ਜੀ ਕਰਮ ਕਮਾ ਚੱਲੇ
ਮੁਗਲ ਫੌਜ ਦੇ ਲੱਗੇ ਲੱਖ ਪਹਿਰੇ
ਬੂਟਾ ਹਿੱਕ ਤੇ ਅਣਖ਼ ਦਾ ਲਾ ਚੱਲੇ

ਬਿਜਲੀ ਵਾਂਗਰਾਂ ਬਦਲਿਆ ਸੀਸ ਉਥੇ
ਸੀਸ ਲੈ ਕੇ ਯੋਧਾ ਤੂਫ਼ਾਨ ਹੋਇਆ
ਲੱਖਾਂ ਪਹਿਰੇ ਲਾਏ ਸੀ ਜ਼ਾਲਮਾਂ ਨੇ
ਕਿਸੇ ਕੋਲੋਂ ਨਾ ਯੋਧਾ ਪਹਿਚਾਣ ਹੋਇਆ

ਦਿਲ ਵਿੱਚ ਵੈਰਾਗ ਸੀ ਬਹੁਤ ਡਾਹਢਾ
ਭੁਲੱਥ ਦਿਲ ਨੇ ਸਬਰ ਦਾ ਘੁੱਟ ਪੀਤਾ
ਬੜਾ ਔਖਾ ਇਮਤਿਹਾਨ ਸੀ ਪਾਸ ਕੀਤਾ
ਸੀਸ ਬਦਲੇ ਸੀਸ ਪਿਤਾ ਦਾ ਭੇਂਟ ਕੀਤਾ
ਸੀਸ ਬਦਲੇ ——————
ਸੀਸ ਬਦਲੇ ——————




ਵਰਲਡ ਪੰਜਾਬੀ ਟਾਈਮਜ਼
ਸ ਕਸ਼ਮੀਰ ਸਿੰਘ ਭੁਲੱਥ

# ਗ਼ਜ਼ਲ

ਸਤਿਲੁਜ ਬਿਆਸ ਝਨਾਂ ਤੇ ਜਿਹਲਮ ਪੰਜਵਾਂ ਦਰਿਆ ਮੇਰੀ ਮਾਂ ਹੈ।
ਪਾਲ ਪੋਸ ਜਿਸ ਵੱਡਿਆਂ ਕੀਤਾ, ਰਾਵੀ ਉਸ ਦਾ ਦੂਜਾ ਨਾਂ ਹੈ।

ਬਾਤ ਪਾਉਂਦਿਆਂ ਬਿਰਖ਼ਾਂ ਦੀ ਮੈਂ, ਸੀਸ ਝੁਕਾਵਾਂ ਪੁਰਖਿਆਂ ਨੂੰ ਵੀ,
ਕੁਝ ਆਰੀ ,ਕੁਝ ਵਕਤ ਲੈ ਗਿਆ, ਫਿਰ ਵੀ ਸਿਰ ਵਿਰਸੇ ਦੀ ਛਾਂ ਹੈ।


ਪਹਿਲਾਂ ਗੋਬਰ ਧਨ ਦੇਂਦੀ ਸੀ, ਹਾਲ਼ੀ ਬਲਦ ਤੇ ਅੰਮ੍ਰਿਤ ਧਾਰਾਂ,
ਨੇਤਾ ਜੀ ਦੇ ਪੇੜੇ ਮਗਰੋਂ, ਅੱਜ ਕੱਲ੍ਹ ਵੋਟਾਂ ਦੇਂਦੀ ਗਾਂ ਹੈ।

ਬੋਹੜੀਂ ਪਿੱਪਲੀਂ ਪੀਂਘਾਂ ਮੋਈਆਂ, ਰੱਸੀਆਂ ਦੇ ਸੱਪ ਬਣ ਗਏ ਫਾਹੀਆਂ,
ਮਰਨ ਵਾਲਿਆਂ ਵਿੱਚ ਹਰ ਵਾਰੀ, ਮੇਰੇ ਬਾਬਲ ਦਾ ਕਿਉਂ ਨਾਂ ਹੈ।

ਦੋਮੂੰਹੀਆਂ ਡੰਗ ਮਾਰਨ ਜ਼ਹਿਰੀ, ਅੱਜ ਕੱਲ੍ਹ ਮੀਸਣੀਆਂ ਮੁਸਕਾਨਾਂ,
ਮੈਂ ਏਸੇ ਦਾ ਡੰਗਿਆ ਹੋਇਆਂ, ਤੈਨੂੰ ਇਹ ਮੈਂ, ਦੱਸਿਆ ਤਾਂ ਹੈ।

ਧਰਮਸਾਲ ਵਿੱਚ ਧੜਿਆਂ ਕਾਰਨ, ਵਣਜ ਵਪਾਰੀ ਕਾਬਜ਼ ਹੋ ਗਏ,
ਸ਼ੁਭ ਕਰਮਨ ਦੀ ਕਥਾ ਸੁਣਨ ਲਈ, ਧਰਮ ਕਰਮ ਦੀ ਕਿਹੜੀ ਥਾਂ ਹੈ।

ਮਾਨ ਸਰੋਵਰ ਝੀਲ ਦੇ ਕੰਢਿਓਂ, ਕਹਿ ਕੇ ਹੰਸ ਉਡਾਰੀ ਭਰ ਗਏ,
ਨਾਲ ਨਮੋਸ਼ੀ ਜੀਣਾ ਔਖਾ, ਜਿੱਥੋਂ ਦਾ ਹੁਣ ਮੁਖੀਆ ਕਾਂ ਹੈ।




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ